ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ.ਨਗਰ

(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ)
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)

ਮੀਮੋ ਨੰ: ਕੇ ਡਬਲੀਯੂ 16/1-2013 ਵਜੀਫਾ (5)
ਮਿਤੀ 15-10-13 ਐਸ.ਏ.ਐਸ.ਨਗਰ

ਵਿਸਾ:- ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮਾਂ ਲਈ ਬਣਾਈ ਵੈਬ ਸਾਇਟ ਵਿੱਚ ਸਾਫਟ ਵੇਅਰ ਵਿੱਚ ਫੰਡਾਂ/ਫੀਸਾ ਇੰਸਟੀਚਿਊਟ ਦੇ ਅਕਾਊਂਟ ਵਿੱਚ ਹੀ ਜਾਣ ਸਬੰਧੀ।

ਉਪਰੋਕਤ ਵਿਸੇ ਸਬੰਧੀ ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮਾਂ ਲਈ ਐਨ.ਆਈ.ਸੀ ਵਿਭਾਗ ਵਲੋ ਜੋ ਵੈਬਸਾਇਟ ਬਣਾਈ ਗਈ ਹੈ, ਉਸ ਦੇ ਸਾਫਟ ਵੇਅਰ ਵਿੱਚ ਵਿਦਿਆਰਥੀਆਂ ਦੀਆਂ ਫੀਸਾਂ/ਫੰਡਾਂ ਦੀ ਰਿਮਬਰਸਮੈਂਟ ਲਈ ਇੰਸਟੀਚਿਊਟ ਦਾ ਅਕਾਊਂਟ ਨੰ: ਹੋਣਾ ਜਰੂਰੀ ਹੈ, ਅਤੇ ਵਿਭਾਗ ਵਲੋ ਜੋ ਫੰਡ ਪ੍ਰਾਪਤ ਕੀਤੇ ਜਾ ਰਹੇ ਹਨ ਉਸ ਲਈ ਵਿਦਿਆਰਥੀਆਂ ਦਾ ਅਕਾਊਂਟ ਨੰਬਰ ਹੀ ਦਿੱਤਾ ਗਿਆ ਹੈ ,ਪਰ ਵਿਦਿਆਰਥੀਆਂ ਦੇ ਅਕਾਉਟ ਵਿੱਚ ਫੀਸ/ਫੰਡ ਦੀ ਰਾਸੀ ਜਾਣ ਦਾ ਉਪਬੰਧ ਨਹੀ ਹੈ। ਕੇਵਲ ਇੰਸਟੀਚਿਊਟ ਦੇ ਅਕਾਊਂਟ ਵਿੱਚ ਫੀਸਾ/ਫੰਡਾ ਦੀ ਰਾਸੀ ਜਾਣੀ ਹੈ। ਕਿਉ ਜੋ ਇਹ ਫੰਡ ਵਿਦਿਆਰਥੀਆਂ ਤੋ ਚਾਰਜ ਕੀਤੇ ਜਾ ਰਹੇ ਹਨ ਇਸ ਲਈ ਫੰਡ ਜੋ ਨਾਨ ਰਿਫੰਡਏਬਲ ਹਨ ਉਹ ਵਿਦਿਆਰਥੀਆਂ ਨੂੰ ਰਿਮਬਰਸ ਹੋਣੇ ਚਾਹੀਦੇ ਹਨ। ਇਸ ਲਈ ਰਿਮਬਰਸ ਹੋਣ ਵਾਲੀ ਸਾਰੀ ਫੀਸ ਇਸਟੀਚਿਉਟ ਦੇ ਅਕਾਉਟ ਵਿੱਚ ਜਾਣੀ ਹੈ। ਇਸ ਲਈ ਤੁਰੰਤ ਆਪਣਾ ਅਕਾਉਂਟ ਨੰ: ਵੈਬ ਸਾਇਟ ਤੇ ਰਜਿਸਟਰ ਕੀਤਾ ਜਾਵੇ।

ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਐਨ.ਆਈ.ਸੀ. ਵਿਭਾਗ ਨਾਲ ਸੰਪਰਕ ਕਰਨ ਤੇ ਪਤਾ ਲੱਗਿਆ ਹੈ ਕਿ ਸਾਫਟ ਵੇਅਰ ਵਿੱਚ ਕੋਈ ਬਦਲਾਵ ਨਹੀ ਹੋ ਸਕਦਾ, ਇਸ ਲਈ ਪ੍ਰੋਪੋਜਲ ਫਾਰਮ ਦੇ ਵਿੱਚ ਇੰਸਟੀਚਿਊਟ ਦੇ ਲੈਵਲ ਤੇ ਇੰਸਟੀਚਿਊਟ ਦਾ ਅਕਾਉਟ ਨੰ: ਲਿਖਿਆ ਜਾਵੇ ਤਾਂ ਜੋ ਫੰਡਾਂ ਦੀ ਰਿਮਬਰਸਮੈਂਟ ਸਕੂਲਾਂ ਦੇ ਅਕਾਉਟ ਵਿੱਚ ਹੋਵੇਗੀ, ਉਹ ਇੰਸਟੀਚਿਊਟ ਦੇ ਅਕਾਉਟ ਵਿੱਚ ਜਾਵੇਗੀ, ਜੇਕਰ ਅਜਿਹਾ ਨਹੀ ਕੀਤਾ ਜਾਦਾ ਤਾਂ ਮੈਂਟੀਨੈਸ ਅਲਾਉਂਸ ਤੋਂ ਇਲਾਵਾ(230/-ਰੁਪਏ 10 ਮਹੀਨਿਆ ਲਈ ਐਸ.ਸੀ. ਅਤੇ 160/- ਰੁਪਏ 10 ਮਹੀਨਿਆ ਲਈ ਬੀ.ਸੀ.) ਵਿਦਿਆਰਥੀਆਂ ਨੂੰ ਕੋਈ ਰਾਸੀ ਪ੍ਰਾਪਤ ਨਹੀ ਹੋਵੇਗੀ ,ਜੇਕਰ ਇੰਸਟੀਚਿਊਟ ਦਾ ਅਕਾਊਂਟ ਨੰ: ਭਰਿਆ ਜਾਂਦਾ ਹੈ ਤਾਂ ਫੀਸਾਂ/ਫੰਡਾਂ ਦੀ ਰਾਸੀ ਸਕੂਲ ਦੇ ਇੰਸਟੀਚਿਊਟ ਅਕਾਉਟ ਵਿੱਚ ਜਮ੍ਹਾਂ ਹੋ ਜਾਵੇਗੀ ਕਿਉ ਜੋ ਹੁਣ ਤੱਕ ਸਰਕਾਰ ਦੇ ਹੁਕਮਾਂ ਅਨੁਸਾਰ ਵਿਦਿਆਰਥੀਆਂ ਤੋਂ ਸਾਲ 2013-14 ਲਈ ਫੰਡ ਪ੍ਰਾਪਤ ਕੀਤੇ ਗਏ ਹਨ, ਇਸ ਲਈ ਰਿਮਬਰਸਮੈਂਟ ਲੈਣੀ ਬਣਦੀ ਹੈ। ਜਦੋਂ ਸਰਕਾਰ ਵੱਲੋਂ ਇਨਾਂ ਸਕੀਮਾਂ ਅਧੀਨ ਵਜੀਫੇ ਦੀ ਰਾਸੀ ਪ੍ਰਾਪਤ ਹੋਵੇਗੀ ਤਾਂ ਸਕੂਲ ਦੇ ਅਕਾਊਂਟ ਵਿੱਚ ਜਾਣ ਉਪਰੰਤ ਪ੍ਰਿੰਸੀਪਲਾਂ ਵੱਲੋਂ ਯੋਗ ਵਿਦਿਆਰਥੀਆਂ ਨੂੰ ਰਿਮਬਰਸ ਕਰ ਦਿੱਤੀ ਜਾਵੇਗੀ। ਇਸ ਲਈ ਇਹ ਰਾਸੀ ਪ੍ਰਾਪਤ ਕਰਨ ਲਈ ਸਕੂਲ ਦਾ ਅਕਾਊਂਟ ਨੰ: ਦਿੱਤਾ ਜਾ ਸਕਦਾ ਹੈ, ਜਾਂ ਸਕੂਲਾ ਨੇ ਮਿਤੀ 1-4-13 ਤੋਂ ਫੰਡ ਪ੍ਰਾਪਤ ਕਰਨ ਲਈ ਜੋ ਅਕਾਊਂਟ ਖੋਲੇ ਹਨ, ਉਹਨਾਂ ਦਾ ਅਕਾਊਂਟ ਨੰ: ਵੀ ਦਿੱਤਾ ਜਾ ਸਕਦਾ ਹੈ ਜਾਂ ਰਿਮਬਰਸਮੈਂਟ ਪ੍ਰਾਪਤ ਕਰਨ ਲਈ ਇੱਕ ਨਵਾ ਅਕਾਊਂਟ ਖੋਲਿਆ ਜਾਵੇ ਜੀ। ਫੀਸ/ ਫੰਡਾਂ ਲਈ ਵੱਖਰੇ ਤੌਰ ਤੇ ਫੰਡ ਮੈਨਟੈਨ ਕੀਤੇ ਜਾਣ ਕਿਉ ਜੋ ਵੈਬਸਾਇਟ ਮਿਤੀ 31-10-13 ਨੂੰ ਬੰਦ ਹੋ ਜਾਣੀ ਹੈ। ਇਸ ਲਈ ਇੰਸਟੀਚਿਊਟ ਆਈ.ਡੀ. ਖੋਲ ਕੇ ਆਪਣੇ ਸਕੂਲ ਦਾ ਅਕਾਊਂਟ ਨੰਬਰ ਤੁਰੰਤ ਰਜਿਸਟਰ ਕੀਤਾ ਜਾਵੇ ਤਾਂ ਜੋ ਵੈਬ ਸਾਇਟ ਬੰਦ ਹੋਣ ਤੋਂ ਪਹਿਲਾ ਵੈਬ ਸਾਇਟ ਵਿੱਚ ਅਕਾਊਂਟ ਨੰ:ਰਜਿਸਟਰ ਹੋ ਸਕੇ। ਜੇਕਰ ਇੰਸਟੀਚਿਊਟ ਲੈਵਲ ਤੋਂ ਪ੍ਰੋਪੋਜਲ ਜਿਲਾ ਸਿੱਖਿਆ ਅਫਸਰ (ਸੈ:ਸਿ) ਨੂੰ ਭੇਜ ਦਿੱਤੀ ਹੈ ਫਿਰ ਵੀ ਇਹ ਆਪਸਨ ਇੰਸਟੀਚਿਊਟ ਲੈਵਲ ਤੇ ਉਪਲਬੱਧ ਹੈ। ਉਪਰੋਕਤ ਸਬੰਧੀ ਕਾਰਵਾਈ ਮਿਤੀ 31-10-13 ਤੋਂ ਪਹਿਲਾਂ ਜਲਦੀ ਤੋਂ ਜਲਦੀ/ ਤੁਰੰਤ ਕੀਤੀ ਜਾਵੇ।

ਸ਼ਹੀ. 15/10/13
ਵਿਸੇਸ ਕਾਰਜ ਅਫਸਰ (ਵਜੀਫਾ)